**ਸ਼੍ਰੇਣੀ-ਦਸਵੀਂ**

**ਸਮਾਜਿਕ ਸਿੱਖਿਆ**

**ਅਕਾਦਮਿਕ ਸਾਲ 2025-26**

ਸਮਾਂ: 3 ਘੰਟੇ

ਲਿਖਤੀ =80 ਅੰਕ
ਸੀ.ਸੀ.ਈ.=20 ਅੰਕ
ਕੁੱਲ =100 ਅੰਕ

**ਪ੍ਰਸ਼ਨ ਪੱਤਰ ਦੀ ਰੂਪ- ਰੇਖਾ**

1. ਸਾਰੇ ਪ੍ਰਸ਼ਨ ਲਾਜ਼ਮੀ ਹਨ।
2. ਪ੍ਰਸ਼ਨ ਪੱਤਰ ਦੇ ਛੇ ਭਾਗ (ੳ, ਅ, ੲ, ਸ, ਹ ਅਤੇ ਕ) ਹੋਣਗੇ। ਪ੍ਰਸ਼ਨ ਪੱਤਰ ਦੀ ਅੰਕ ਵੰਡ ਹੇਠ ਦਰਜ ਅਨੁਸਾਰ ਹੋਵੇਗੀ।

**ਭਾਗ-ੳ**

**ਬਹੁਵਿਕਲਪੀ ਪ੍ਰਸ਼ਨ:** ਇਸ ਭਾਗ ਵਿੱਚ ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਦੇ ਕ੍ਰਮਵਾਰ 2+3+4+1 ਕੁੱਲ 10 ਬਹੁਵਿਕਲਪੀ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। $10 \times 1 = 10$ ਅੰਕ

**ਭਾਗ-ਅ**

**ਵਸਤੂਨਿਸ਼ਠ ਪ੍ਰਸ਼ਨ:** ਇਸ ਭਾਗ ਵਿੱਚ ਖਾਲੀ ਸਥਾਨ ਭਰੋ, ਸਹੀ/ਗਲਤ ਅਤੇ ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਕੁੱਲ 10 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ । ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਵਿੱਚੋਂ ਕ੍ਰਮਵਾਰ 3+2+3+2 ਕੁੱਲ 10 ਪ੍ਰਸ਼ਨ ਪੁੱਛੇ ਜਾਣਗੇ। $10 \times 1 = 10$ ਅੰਕ

**ਭਾਗ-ੲ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਕੁੱਲ 8 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ 3 ਅੰਕ ਦਾ ਹੋਵੇਗਾ। ਪ੍ਰਸ਼ਨ ਦਾ ਉੱਤਰ 30 ਤੋਂ 50 ਸ਼ਬਦਾਂ ਵਿੱਚ ਹੋਣਾਂ ਚਾਹੀਦਾ ਹੈ। । ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਵਿੱਚੋਂ ਕ੍ਰਮਵਾਰ 2+2+3+1 ਕੁੱਲ 8 ਪ੍ਰਸ਼ਨ ਪੁੱਛੇ ਜਾਣਗੇ। $8 \times 3 = 24$ ਅੰਕ

**ਭਾਗ-ਸ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਵਿੱਚ ਕੁੱਲ 4 ਪ੍ਰਸ਼ਨ ਹੋਣਗੇ (100% ਅੰਦਰੂਨੀ ਛੋਟ ਦਿੱਤੀ ਜਾਵੇਗੀ) । ਹਰੇਕ ਪ੍ਰਸ਼ਨ 5 ਅੰਕ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। । ਭੂਗੋਲ, ਅਰਥਸ਼ਾਸਤਰ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਭਾਗ ਵਿੱਚੋਂ ਕ੍ਰਮਵਾਰ 1+1+1+1 ਕੁੱਲ 4 ਪ੍ਰਸ਼ਨ ਪੁੱਛੇ ਜਾਣਗੇ। $4 \times 5 = 20$ ਅੰਕ

**ਭਾਗ-ਹ**

**ਕੇਸ ਸਟਡੀ / ਸਰੋਤ ਅਧਾਰਤ ਪ੍ਰਸ਼ਨ:** ਇਸ ਭਾਗ ਵਿੱਚ ਕੁੱਲ 2 ਪ੍ਰਸ਼ਨ ਹੋਣਗੇ । ਇਹ ਪ੍ਰਸ਼ਨ ਅਰਥਸ਼ਾਸਤਰ ਅਤੇ ਨਾਗਰਿਕ ਸ਼ਾਸ਼ਤਰ ਭਾਗ ਵਿੱਚੋਂ ਹੋਣਗੇ ਜੋ ਕਿ ਪਾਠ ਕ੍ਰਮ ਤੇ ਆਧਾਰਿਤ ਹੋਣਗੇ ਪਰ ਪਾਠ-ਪੁਸਤਕ ਦੇ ਵਿਸ਼ਾ ਵਸਤੂ ਤੇ ਅਧਾਰਿਤ ਨਹੀਂ ਹੋਣਗੇ ਇਸ ਪ੍ਰਸ਼ਨ ਅਧੀਨ 1 ਅੰਕ ਦੇ 4 ਪ੍ਰਸ਼ਨ ਪੁੱਛੇ ਜਾ ਸਕਦੇ ਹਨ।

$2 \times 4 = 8$ ਅੰਕ

**ਭਾਗ-ਕ**

**ਨਕਸ਼ਾ ਕਾਰਜ:** ਇਸ ਪ੍ਰਸ਼ਨ ਵਿੱਚ ਭੂਗੋਲ ਭਾਗ ਵਿੱਚੋਂ ਭਾਰਤ ਦੇ ਨਕਸ਼ੇ ਵਿੱਚ ਅਤੇ ਇਤਿਹਾਸ ਭਾਗ ਵਿੱਚੋਂ 1947 ਤੋਂ ਪਹਿਲਾਂ ਦੇ ਪੰਜਾਬ ਦੇ 6-6 ਸਥਾਨਾਂ ਵਿੱਚੋਂ 4-4 ਸਥਾਨ ਭਰਨੇ ਹੋਣਗੇ। ਹਰੇਕ ਸਥਾਨ ਲਈ 1 ਅੰਕ ਨਿਰਧਾਰਿਤ ਹੋਵੇਗਾ। $2 \times 4 = 8$ ਅੰਕ

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ**

| **ਭਾਗ** | **ਪ੍ਰਸ਼ਨ ਪੱਤਰ ਦੀ ਰੂਪ-ਰੇਖਾ** | **ਪ੍ਰਤੀ ਪ੍ਰਸ਼ਨ ਅੰਕ** | **ਪ੍ਰਸ਼ਨਾਂ ਦੀ ਸੰਖਿਆ** | **ਕੁੱਲ ਅੰਕ** |
|---|---|---|---|---|
| (ੳ) | ਬਹੁ-ਵਿਕਲਪੀ ਪ੍ਰਸ਼ਨ | **1** | **10** | **10** |
| (ਅ) | ਵਸਤੂਨਿਸ਼ਠ ਪ੍ਰਸ਼ਨ | **1** | **10** | **10** |
| (ੲ) | ਛੋਟੇ ਉੱਤਰਾਂ ਵਾਲੇ ਪ੍ਰਸ਼ਨ | **3** | **8** | **24** |
| (ਸ) | ਵੱਡੇ ਉੱਤਰਾਂ ਵਾਲੇ ਪ੍ਰਸ਼ਨ | **5** | **4** | **20** |
| (ਹ) | ਕੇਸ ਸਟਡੀ/ਸਰੋਤ (ਪੈਰਾ) ਅਧਾਰਤ ਪ੍ਰਸ਼ਨ | **4+4 (Eco+ Civics)** | **2** | **08** |
| (ਕ) | ਨਕਸ਼ੇ ਸਬੰਧੀ ਪ੍ਰਸ਼ਨ | **4+4 (Geo. + His.)** | **2** | **08** |
| | ਕੁੱਲ | | | **80** |

## ਸੀ.ਸੀ.ਈ- ਕੁੱਲ 20 ਅੰਕ

<table>
<tr><td>ਨਿਯਮਿਤ ਟੈਸਟ 5 ਅੰਕ</td><td rowspan="4">ਪ੍ਰੋਜੈਕਟ ਵਰਕ/ ਗਤੀਵਿਧੀਆਂ 5 ਅੰਕ<br>ਸ਼੍ਰੇਣੀ ਅਧਿਆਪਕ ਨਿਰਧਾਰਿਤ ਪਾਠਕ੍ਰਮ ਵਿੱਚੋਂ ਕਿਸੇ ਇੱਕ ਸਬੰਧਤ ਵਿਸ਼ੇ ਉੱਤੇ ਕੋਈ ਵੀ ਪ੍ਰੋਜੈਕਟ ਦੇ ਸਕਦਾ ਹੈ। ਉਦਾਹਰਣ ਵਜੋਂ:<br>• ਉਪਭੋਗਤਾ ਸਬੰਧੀ ਜਾਗਰੂਕਤਾ<br>ਜਾਂ<br>ਵਿੱਤੀ ਸਾਖਰਤਾ<br>ਜਾਂ<br>• ਸਮਾਜਿਕ ਮੁੱਦੇ<br>• ਰਾਜਨੀਤਿਕ ਘਟਨਾਵਾਂ<br>• ਇਤਿਹਾਸਿਕ ਘਟਨਾਵਾਂ<br>ਨੋਟ: ਸਮਾਜਿਕ ਸਿੱਖਿਆ ਵਿਸ਼ੇ ਦੀ ਪਾਠ-ਪੁਸਤਕ ਵਿੱਚ ਦਿੱਤੀਆਂ ਕ੍ਰਿਆਵਾਂ, ਗਤੀਵਿਧੀਆਂ ਆਦਿ ਵਿਦਿਆਰਥੀਆਂ ਵੱਲੋਂ ਆਪਣੀਆਂ ਨੋਟ ਬੁੱਕਸ ਵਿੱਚ ਹੀ ਕੀਤੀਆਂ ਜਾਣਗੀਆਂ। ਵੱਖਰੀਆਂ ਪ੍ਰੈਕਟੀਕਲ ਫਾਇਲ/ ਸਕਰੈਪ ਬੁੱਕ ਆਦਿ ਦੀ ਲੋੜ ਨਹੀਂ ਹੈ।<br>ਸਮਾਜਿਕ ਸਿੱਖਿਆ ਵਿਸ਼ੇ ਦੇ ਪ੍ਰੈਕਟੀਕਲ/ਪ੍ਰੋਜੈਕਟ ਗਤੀਵਿਧੀਆਂ ਆਦਿ ਸਕੂਲ ਆਪਣੇ ਪੱਧਰ ਤੇ ਹੀ ਕਰਵਾਉਣਗੇ।</td></tr>
<tr><td>ਪ੍ਰੀ-ਬੋਰਡ 5 ਅੰਕ</td></tr>
<tr><td>ਵਿਸ਼ੇ ਵਿੱਚ ਵਿਦਿਆਰਥੀ ਦੀ<br>ਰੁਚੀ ਅਤੇ ਅਨੁਸ਼ਾਸਨ 3 ਅੰਕ<br>(ਹੋਮ ਵਰਕ/ ਨੋਟ ਬੁੱਕ/ਵਰਕ ਬੁੱਕ)</td></tr>
<tr><td>ਪੁਸਤਕ ਬੈਂਕ 2 ਅੰਕ<br><br>ਵਿਸ਼ੇ ਨਾਲ ਸਬੰਧਤ ਪਾਠ-ਪੁਸਤਕ ਵਿਸ਼ਾ ਅਧਿਆਪਕ ਕੋਲ ਜਮ੍ਹਾਂ ਕਰਵਾਉਣਾ।</td></tr>
</table>